ਪੰਜਾਬ ਰਾਜ ਬਿਜਲੀ ਬੋਰਡ

ਦਫਤਰ ਸਕੱਤਰ ਬੋਰਡ ਭਾਗ

ਵੱਲ

1) ਏ.ਡੀ.ਜੀ.ਪੀ/ ਵੀ ਤੇ ਐਸ, ਪੰ:ਰ;ਬਿ:ਬੋ: ਪਟਿਆਲਾ ।
2) ਸਾਰੇ ਇੰਜੀਨੀਅਰਜ਼ ਇੰਨ ਚੀਫ/ ਜਨਰਲ ਮੈਨੇਜਰ/ਮੁੱਖ ਇੰਜੀਨੀਅਰ,ਪੰ:ਰ:ਬਿ:ਬੋ: ।
3) ਵਿੱਤ ਸਲਾਹਕਾਰ, ਪੰ;ਰ:ਬਿ:ਬੋ:।
4) ਚੀਫ ਆਈ ਆਰ ਅਤੇ ਵੈਲਫੇਅਰ,ਪੰ:ਰ:ਬਿ:ਬੋ: ।
5) ਸਾਰੇ ਮੁੱਖ ਲੇਖਾ ਅਫਸਰ, ਪੰ:ਰ:ਬਿ:ਬੋ: ।
6) ਮੁੱਖ ਪੜਤਾਲਕਾਰ, ਪੰ:ਰ:ਬਿ:ਬੋ: ।
7) ਮੁੱਖ ਕਾਸਟ ਕੰਟਰੋਲ ਅਤੇ ਰੀਡਕਸ਼ਨ, ਪੰ:ਰ:ਬਿ:ਬੋ: ।
8) ਡਾਇਰੈਕਟਰ/ਪ੍ਰਸੋਨਲ, ਪੰ:ਰ;ਬਿ:ਬੋ: ।
9) ਡਾਇਰੈਕਟਰ/ਟੈਕਨੀਕਲ, ਪੰ:ਰ:ਬਿ:ਬੋ: ।
10) ਡਾਇਰੈਕਟਰ/ ਆਈ.ਟੀ. ਪੰ:ਰ:ਬਿ:ਬੋ: ।
11) ਡਾਇਰੈਕਟਰ/ਕੋਆਰਡੀਨੇਸ਼ਨ, ਬੀ 533,ਨਿਊ ਫਰੈਡਜ਼ ਕਲੋਨੀ, ਨਵੀ ਦਿੱਲੀ।

ਮੀਮੋ ਨੰ: 10-926/985 ਬੀਡੀ/ਈਬੀ/16 ਵਾ:24/ਲੂਜ਼

ਮਿਤੀ : 4.8.2008

ਵਿਸ਼ਾ: ਪੰਜਾਬ ਸਰਕਾਰ ਦੇ ਕਰਮਚਾਰੀਆ/ਪੈਨਸ਼ਨਰਾਂ ਨੂੰ ਦੇਸ ਅੰਦਰ ਸਰਕਾਰੀ/ਪ੍ਰਾਈਵੇਟ ਹਸਪਤਾਲਾ ਤੋ ਇੰਨਡੋਰ ਇਲਾਜ਼ ਕਰਾਉਣ ਲਈ ਅਨੁਮਾਨਤ ਖਰਚੇ ਦਾ 75ਪ੍ਰਤੀਸ਼ਤ ਅਡਵਾਂਸ ਮੰਜੂਰ ਕਰਨ ਸਬੰਧੀ ।

..........

ਉਪਰੋਕਤ ਵਿਸ਼ੇ ਤੇ ਸਕੱਤਰ/ਰੈਗੂਲੇਸ਼ਨ ਭਾਗ ਦੇ ਸਰਕੂਲਰ ਨੰ:26/2001 ਮਿਤੀ 10.8.2001 ਜਿਸ ਰਾਹੀ ਪੰਜਾਬ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ (ਸਿਹਤ 5 ਸਾਖਾ) ਚੰਡੀਗੜ ਦੇ ਪੱਤਰ ਨੰ:12/2/2000 / 5/ਸਿ5 /287 ਮਿਤੀ 5.1.2001 ਨੂੰ ਇੰਨਬਿੰਨ ਪਾਲਣਾ ਕਰਨ ਲਈ ਅਪਣਾ ਲਿਆ ਸੀ ।

ਇਨਾਂ ਹਦਾਇਤਾ ਅਨੁਸਾਰ ਕਰਮਚਾਰੀਆ/ਪੈਨਸ਼ਨਰਾਂ ਅਤੇ ਉਨਾਂ ਦੇ ਆਸ਼ਰਿਤਾਂ ਵਲੋ ਦੇਸ਼ ਅੰਦਰ ਸਰਕਾਰੀ /ਪ੍ਰਾਈਵੇਟ ਹਸਪਤਾਲ ਵਿਚ ਦਾਖਲ ਹੋ ਕੇ ਇਲਾਜ ਕਰਾਉਣ ਲਈ ਆਉਣ ਵਾਲੇ ਅਨੁਮਾਨਤ ਖਰਚ ਦਾ 75 ਪ੍ਰਤੀਸ਼ਤ ਅਡਵਾਂਸ ਮੰਜੂਰ ਕਰਨ ਦੇ ਅਧਿਕਾਰ ਨਿਮਨਲਿਖਤ ਸਰਤਾ ਸਹਿਤ ਵਿਭਾਗਾ ਦੇ ਮੁੱਖੀਆ ਨੂੰ ਦੇਣ ਦਾ ਫੈਸਲਾ ਕੀਤਾ ਗਿਆ ਸੀ।

ੳ) ਪੀ.ਜੀ.ਆਈ ਚੰਡੀਗੜ ਨੂੰ ਛੱਡ ਕੇ ਅਡਵਾਂਸ ਦੀ ਰਕਮ ਸਿੱਧੇ ਚੈਕ ਜਾਂ ਡਰਾਫਟ ਦੇ ਰੂਪ ਵਿਚ ਸਬੰਧਤ ਹਸਪਤਾਲ ਦੇ ਨਾਂ ਦਿੱਤੀ ਜਾਵੇਗੀ । ਪੀ ਜੀ ਆਈ ਚੰਡੀਗੜ ਵਿਖੇ ਇਲਾਜ਼ ਲਈ ਅਡਵਾਂਸ ਸਿੱਧੇ ਤੋਰ ਤੇ ਸਬੰਧਤ ਕਰਮਾਚਾਰੀ/ ਪੈਨਸ਼ਨਰ ਨੂੰ ਦਿੱਤਾ ਜਾਵੇਗਾ ।

ਚਲਦਾ ਪੰਨਾ........2........

ਅ) ਪ੍ਰਾਈਵੇਟ ਹਸਪਤਾਲਾ ਤੋ ਇਲਾਜ ਕਰਾਉਣ ਦੀ ਸੂਰਤ ਵਿਚ ਇਹ ਅਡਵਾਂਸ ਸਰਕਾਰ ਦੀ ਪਾਲਿਸੀ ਅਨੁਸਾਰ ਬਣਦੀ ਅੰਦਾਜਨ ਪ੍ਰਤੀ ਪੂਰਤੀ ਦੀ ਰਕਮ ਦੇ 75ਪ੍ਰਤੀਸ਼ਤ ਤਕ ਹੀ ਸੀਮਿਤ ਹੋਵੇਗੀ , ਜਿਸ ਦੀ ਪੁਸ਼ਟੀ ਸਬੰਧਤ ਸਿਵਲ ਸਰਜਨ ਜਾਂ ਚੰਡੀਗੜ ਦੇ ਕੇਸ ਵਿਚ ਡਾਇਰੈਕਟਰ/ਸਿਹਤ ਸੇਵਾਵਾਂ ਪਾਸੋ ਹਾਸਲ ਕੀਤੀ ਜਾਵੇਗੀ ।

ੲ) ਸਬੰਧਤ ਰਕਮ ਦੀ ਐਡਜੱਸਟਮੈਂਟ ਅਡਵਾਂਸ ਡਰਾਅ ਕਰਨ ਦੇ 6 ਮਹੀਨੇ ਦੇ ਸਮੇ ਦੇ ਅੰਦਰ ਅੰਦਰ ਕਰਨੀ ਸਬੰਧਤ ਵਿਭਾਗ ਦੇ ਮੁੱਖੀ ਵਲੋ ਯਕੀਨੀ ਬਣਾਈ ਜਾਵੇਗੀ । ਜੇਕਰ ਇਲਾਜ ਦਾ ਖਰਚਾ ਘੱਟ ਹੋਵੇਗਾ ਤਾਂ ਬਣਦੀ ਰਕਮ ਸਰਕਾਰ ਦੇ ਖਾਤੇ ਵਿਚ 6 ਮਹੀਨੇ ਦੇ ਸਮੇ ਦੌਰਾਨ ਜਮਾਂ ਕਰਾਉਣੀ ਯਕੀਨੀ ਬਣਾਈ ਜਾਵੇਗੀ ।

ਇੰਪਲਾਈਜ ਫੈਡਰੇਸ਼ਨ ਪੰਜਾਬ ਰਾਜ ਬਿਜਲੀ ਬੋਰਡ ਪਟਿਆਲਾ ਵਲੋਂ ਧਿਆਣ ਵਿਚ ਲਿਆਂਦਾ ਗਿਆ ਹੈ ਕਿ ਐਡਵਾਂਸ ਮੰਨਜੂਰ ਕਰਨ ਵਿਚ ਅਕਸਰ ਦੇਰੀ ਕਰ ਦਿੱਤੀ ਜਾਂਦੀ ਹੈ ਜਿਸ ਕਾਰਨ ਗੈਰ ਘਾਤਕ ਹਾਦਸੇ ਦੇ ਸ਼ਿਕਾਰ ਕਰਮਚਾਰੀਆਂ ਦੀ ਕਈ ਵਾਰ ਮੌਤ ਵੀ ਹੋ ਜਾਂਦੀ ਹੈ। ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਅਜਿਹੇ ਕੇਸਾ ਵਿਚ ਪੇਸ਼ਗੀ ਦੇਣ ਲਈ ਸਮਰੱਥ ਅਧਿਕਾਰੀ ਵਲੋ ਦੇਰੀ ਨਾ ਕੀਤੀ ਜਾਵੇ ਤਾਂ ਜੋ ਕਰਮਚਾਰੀਆ ਨੂੰ ਸਮੇ ਸਿਰ ਇਲਾਜ ਕਰਾਉਣ ਲਈ ਕੋਈ ਮੁਸ਼ਕਿਲ ਪੇਸ਼ ਨਾ ਆਵੇ ।

ਉਪ ਸਕੱਤਰ/ਮੀਟਿੰਗਜ਼,
ਪੰ:ਰ:ਬਿ:ਬੋ: ਪਟਿਆਲਾ ।

ਪਿੱਠ ਅੰਕਣ ਨੰ: 100986/101080 ਬੀਡੀ/ਈਬੀ/16 ਵਾ:24/ਲੂਜ ਮਿਤੀ: 6.8.2008

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਤੇ ਅਗਲੇਰੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।:

1) ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ ਅਧੀਨ ਸਕੱਤਰ, ਪੰ:ਰ:ਬਿ:ਬੋ: ।
2) ਸਾਰੇ ਲੇਖਾ ਅਫਸਰ, ਪੰ:ਰ;ਬਿ:ਬੋ: ।

ਉਪ ਸਕੱਤਰ/ਮੀਟਿੰਗਜ਼,
ਪੰ:ਰ:ਬਿ:ਬੋ: ਪਟਿਆਲਾ ।